NATIONAL INSTITUTE ON AGEING

# ਅਲਬਰਟਾ ਦੇ 65 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਨਿਵਾਸੀਆਂ ਲਈ ਕਵਰ ਕੀਤੀਆਂ ਵੈਕਸੀਨਾਂ





| ਵੈਕਸੀਨਾਂ | ਰਾਸ਼ਟਰੀ ਸਿਫ਼ਾਰਸ਼ਾਂ | ਕਵਰੇਜ ਡਿਟੇਲ[1] |
|---|---|---|
| **ਕੋਵਿਡ-19** | ਹਰ ਸਾਲ ਕੋਮੀਰਨਾਟੀ (Comirnaty) ਜਾਂ ਸਪਾਈਕਵੈਕਸ (Spikevax) ਵਿੱਚੋਂ ਕਿਸੇ ਇੱਕ ਕੋਵਿਡ-19 ਵੈਕਸੀਨ ਦੀ ਘੱਟੋ-ਘੱਟ 1 ਡੋਜ਼ | ਕੁੱਝ ਬਜ਼ੁਰਗ ਬਾਲਗਾਂ ਲਈ ਕੋਮੀਰਨਾਟੀ ਅਤੇ ਸਪਾਈਕਵੈਕਸ ਮੁਫ਼ਤ ਵਿੱਚ ਉਪਲਬਧ ਹਨ |
| **ਇੰਫਲੂਐਂਜ਼ਾ (ਫਲੂ)** | ਹਰ ਸਾਲ ਫਲੂਐਡ (Fluad) ਜਾਂ ਫਲੂਜ਼ੋਨ ਹਾਈ-ਡੋਜ਼ (Fluzone High-Dose) ਵਿੱਚੋਂ ਕਿਸੇ ਇੱਕ ਦੀ 1 ਡੋਜ਼ | ਫਲੂਐਡ ਬਜ਼ੁਰਗ ਬਾਲਗਾਂ ਲਈ ਮੁਫ਼ਤ ਵਿੱਚ ਉਪਲਬਧ ਹੈ, ਕੁੱਝ ਖਾਸ ਬਜ਼ੁਰਗ ਬਾਲਗਾਂ ਨੂੰ ਵੀ ਫਲੂਜ਼ੋਨ ਹਾਈ-ਡੋਜ਼ ਲਈ ਕਵਰ ਕੀਤਾ ਜਾਂਦਾ ਹੈ। |
| **ਨਿਉਮੋਕੋਕਲ (ਨਿਮੋਨੀਆ)** | ਪ੍ਰੇਵਨਾਰ 20 (Prevnar 20) ਜਾਂ ਕੈਪਵੈਕਸਿਵ (Capvaxive)[2] ਵਿੱਚੋਂ ਕਿਸੇ ਇੱਕ ਦੀ 1 ਡੋਜ਼ | ਪ੍ਰੇਵਨਾਰ 20 ਬਜ਼ੁਰਗ ਬਾਲਗਾਂ ਲਈ ਮੁਫ਼ਤ ਉਪਲਬਧ ਹੈ |
| **RSV** | ਨਿੱਜੀ ਸਿਹਤ ਕਾਰਕਾਂ ਦੇ ਆਧਾਰ 'ਤੇ ਅਬ੍ਰਿਸਵੋ (Abrysvo), ਅਰੇਕਸਵੀ (Arexvy) ਜਾਂ ਐਮਰੇਜ਼ਵੀਆ (mRESVIA) ਵਿੱਚੋਂ ਕਿਸੇ ਇੱਕ ਦੀ 1 ਡੋਜ਼ ਵਰਤੀ ਜਾ ਸਕਦੀ ਹੈ | 60 ਤੋਂ 69 ਸਾਲ ਦੇ ਕੁੱਝ ਬਾਲਗਾਂ ਅਤੇ 70 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਕੁੱਝ ਬਾਲਗਾਂ ਲਈ ਅਬ੍ਰਿਸਵੋ ਮੁਫ਼ਤ ਵਿੱਚ ਉਪਲਬਧ ਹੈ |
| **ਸ਼ਿੰਗਲਜ਼** | ਸ਼ਿੰਗਰਿਕਸ (Shingrix) ਦੀਆਂ 2 ਡੋਜ਼ਸ | ਸ਼ਿੰਗਰਿਕਸ ਕੁੱਝ ਟ੍ਰਾਂਸਪਲਾਂਟ ਪ੍ਰਾਪਤਕਰਤਾਵਾਂ, ਕੁੱਝ ਵੈਟਰਨਜ਼[3] ਅਤੇ ਇੰਡੀਜੀਨਸ[4] ਬਜ਼ੁਰਗ ਬਾਲਗਾਂ ਲਈ ਮੁਫ਼ਤ ਵਿੱਚ ਉਪਲਬਧ ਹੈ |
| **ਟੈਟਨਸ ਅਤੇ ਡਿਫਥੀਰੀਆ** | ਟੀਕਾਕਰਨ ਦੀ ਹਿਸਟਰੀ ਵੈਕਸੀਨ ਦੀ ਕਿਸਮ ਅਤੇ ਲੋੜੀਂਦੀ ਡੋਜ਼ ਦੀ ਗਿਣਤੀ ਤੈਅ ਕਰੇਗੀ | ਹਰ 10 ਸਾਲਾਂ ਵਿੱਚ, ਬਜ਼ੁਰਗ ਬਾਲਗਾਂ ਸਮੇਤ, ਵੈਕਸੀਨਾਂ ਮੁਫ਼ਤ ਵਿੱਚ ਉਪਲਬਧ ਹੁੰਦੀਆਂ ਹਨ |

*[1] ਜੇ ਤੁਹਾਡੇ ਕੋਲ ਪ੍ਰਾਈਵੇਟ ਡਰੱਗ ਪਲਾਨ ਹੈ, ਤਾਂ ਇਹ ਪਲਾਨ ਉਹਨਾਂ ਵੈਕਸੀਨਾਂ ਦੀ ਕੌਸਟ ਕਵਰ ਕਰ ਸਕਦਾ ਹੈ ਜੋ ਪਬਲੀਕਲੀ ਕਵਰ ਨਹੀਂ ਹਨ।*

*[2] ਜਿਨ੍ਹਾਂ ਬਜ਼ੁਰਗ ਬਾਲਗਾਂ ਨੇ ਹੈਮਾਟੋਪੋਇਟਿਕ ਸਟੈਮ ਸੈੱਲ ਟ੍ਰਾਂਸਪਲਾਂਟ ਪ੍ਰਾਪਤ ਕੀਤਾ ਹੈ, ਉਨ੍ਹਾਂ ਲਈ ਸਿਫ਼ਾਰਸ਼ਾਂ ਵੱਖ-ਵੱਖ ਹੋ ਸਕਦੀਆਂ ਹਨ।*

*[3] ਐਲੀਜੀਬਲ ਵੈਟਰਨਜ਼ ਲਈ, ਜੇ ਉਹ ਪ੍ਰੋਵਿਨਸ਼ੀਅਲ ਸਿਹਤ ਸੇਵਾਵਾਂ ਰਾਹੀਂ ਇਸ ਵੈਕਸੀਨ ਨੂੰ ਐਕਸੈਸ ਨਹੀਂ ਕਰ ਸਕਦੇ, ਤਾਂ ਉਹਨਾਂ ਨੂੰ Veterans Affairs Canada ਰਾਹੀਂ ਇਹ ਕਵਰੇਜ ਮਿਲ ਸਕਦੀ ਹੈ।*

*[4] ਐਲੀਜੀਬਲ ਫਸਟ ਨੇਸ਼ਨਜ਼ (Eligible First Nations) ਅਤੇ ਇਨੂਇਟ (Inuit) ਲਈ, ਜੇ ਉਹ ਪ੍ਰੋਵਿਨਸ਼ੀਅਲ ਸਿਹਤ ਸੇਵਾਵਾਂ ਰਾਹੀਂ ਇਸ ਵੈਕਸੀਨ ਨੂੰ ਐਕਸੈਸ ਨਹੀਂ ਕਰ ਸਕਦੇ, ਤਾਂ ਇੰਡਿਜੀਨਸ ਸਰਵਿਸਿਜ਼ ਕੈਨੇਡਾ ਦਾ ਨਾਨ-ਇਨਸ਼ੋਰਡ ਹੈਲਥ ਬੈਨੀਫਿਟਸ (Indigenous Services Canada's Non-Insured Health Benefits, NIHB) ਪ੍ਰੋਗਰਾਮ ਰਾਹੀਂ ਕਵਰੇਜ ਮਿਲ ਸਕਦੀ ਹੈ।*

**ਕੀ ਹੋਰ ਸਵਾਲ ਹਨ?**

ਆਪਣੇ ਪ੍ਰਾਇਮਰੀ ਹੈਲਥ ਕੇਅਰ ਪ੍ਰਦਾਤਾ, ਫਾਰਮਾਸਿਸਟ ਜਾਂ ਸਥਾਨਕ ਪਬਲਿਕ ਹੈਲਥ ਯੂਨਿਟ ਨਾਲ ਗੱਲ ਕਰੋ। ਸਿਹਤ ਜਾਣਕਾਰੀ ਲਈ ਹੈਲਥ ਲਿੰਕ ਨੂੰ 811 'ਤੇ ਕਾਲ ਕਰੋ।

**ਕੀ ਤੁਸੀਂ ਵੈਕਸੀਨਾਂ ਬਾਰੇ ਹੋਰ ਜਾਣਕਾਰੀ ਚਾਹੁੰਦੇ ਹੋ?**

ਇਸ QR ਕੋਡ ਨੂੰ ਸਕੈਨ ਕਰਕੇ ਸਾਡਾ ਨੈਸ਼ਨਲ ਵੈਕਸੀਨ ਪੈਂਫਲਿਟ ਵੇਖੋ।

ਸਕੈਨ ਕਰੋ

**ਅੱਪਡੇਟ ਕਰਨ ਦੀ ਮਿਤੀ: ਨਵੰਬਰ 2025**

ਇਸ ਦਸਤਾਵੇਜ਼ ਦੀ ਤਿਆਰੀ ਅਤੇ ਪ੍ਰਮੋਸ਼ਨ Merck Canada Inc., Moderna ਅਤੇ Pfizer Canada ਦੀ ਵਿੱਤੀ ਸਹਾਇਤਾ ਨਾਲ ਸੰਭਵ ਹੋਇਆ ਹੈ।